ਨੰ : 12/55/93-5ਸਿ5/31573

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-5 ਸ਼ਾਖਾ)

ਵੱਲ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼, ਜ਼ਿਲ੍ਹਾ ਅਤੇ ਸੈਸ਼ਨ ਜੱਜ,
ਸਿਵਲ ਸਰਜਨ, ਉਪ-ਮੰਡਲ ਅਫ਼ਸਰ (ਸਿਵਲ) ਅਤੇ
ਪ੍ਰਿੰਸੀਪਲ ਮੈਡੀਕਲ ਕਾਲਜ, ਪਟਿਆਲਾ, ਫਰੀਦਕੋਟ ਅਤੇ ਅੰਮ੍ਰਿਤਸਰ ।

ਮਿਤੀ, ਚੰਡੀਗੜ੍ਹ 20-11-1995

ਵਿਸ਼ਾ : ਰਾਜ ਸਰਕਾਰ ਦੇ ਕਰਮਚਾਰੀਆਂ/ਪੈਨਸ਼ਨਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਮੁਫ਼ਤ ਮੈਡੀਕਲ ਸਹੂਲਤਾਂ ਦੀ ਪਾਲਿਸੀ ਨੂੰ ਆਸਾਨ ਕਰਨ ਬਾਰੇ-ਵਿੱਤੀ ਅਧਿਕਾਰਾਂ ਦਾ ਵਿਕੇਂਦਰੀਕਰਣ ਕਰਨ ਬਾਰੇ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 12/55/93-5ਸਿ5/8650, ਮਿਤੀ 9-3-94 ਵੱਲ ਧਿਆਨ ਦੇਣ ਦੀ ਹਦਾਇਤ ਹੋਈ ਹੈ ਜਿਸ ਰਾਹੀਂ ਰਾਜ ਸਰਕਾਰ ਦੇ ਕਰਮਚਾਰੀਆਂ/ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਦੀ ਮਨਜ਼ੂਰੀ ਲਈ ਵਿੱਤੀ ਅਧਿਕਾਰਾਂ ਦਾ ਵਿਕੇਂਦਰੀਕਰਣ ਕੀਤਾ ਗਿਆ ਸੀ । ਵਿੱਤੀ ਅਧਿਕਾਰਾਂ ਨੂੰ ਹੋਰ ਵਿਕੇਂਦਰੀਕਰਨ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਰਿਹਾ ਹੈ ਜਿਸ ਨੂੰ ਗਹੁ ਨਾਲ ਵਿਚਾਰਨ ਉਪਰੰਤ ਸਰਕਾਰ ਨੇ ਪ੍ਰਬੰਧਕੀ ਸਕੱਤਰਾਂ ਦੇ ਵਿੱਤੀ ਅਧਿਕਾਰਾਂ ਦੀ ਸੀਮਾਂ 5000/- ਰੁਪਏ ਤੋਂ ਵਧਾ ਕੇ 10,000/- ਰੁਪਏ ਤੱਕ ਕਰਨ ਦਾ ਫੈਸਲਾ ਕੀਤਾ ਹੈ । ਇਸ ਫੈਸਲੇ ਅਨੁਸਾਰ ਹੁਣ ਪ੍ਰਬੰਧਕੀ ਸਕੱਤਰ 2501/- ਰੁਪਏ ਤੋਂ ਲੈ ਕੇ 10,000/- ਰੁਪਏ ਤੱਕ ਦੇ ਮੈਡੀਕਲ ਬਿਲਾਂ ਦੀ ਮਨਜ਼ੂਰੀ ਸਿਵਾਏ ਉਨ੍ਹਾਂ ਕੇਸਾਂ ਤੋਂ ਜਿਨ੍ਹਾਂ ਵਿੱਚ ਪੰਜਾਬ ਸਰਵਿਸਿਜ਼ ਮੈਡੀਕਲ ਅਟੈਂਡੈਂਸ ਰੂਲ 1940 ਵਿੱਚ ਬਿੱਲ ਦੇਣ ਦੀ ਲੋੜ ਹੋਵੇ, ਦੇਣ ਦੇ ਸਮਰੱਥ ਅਧਿਕਾਰੀ ਹੋਣਗੇ ।

ਇਹ ਹਦਾਇਤਾਂ ਵਿੱਤ ਵਿਭਾਗ ਦੇ ਅੰ.ਵਿ.ਪੱ.ਨੰ: 8/162/90-5ਵਿ.ਖ.-2/2058(ਏ) ਮਿਤੀ 5-10-95 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ ।

ਵਿਸ਼ਵਾਸਪਾਤਰ,

ਸਹੀ/-

(ਐਸ.ਐਸ.ਢਿਲੋਂ)

ਸੰਯੁਕਤ ਸਕੱਤਰ ਸਿਹਤ

------------